# ਕਾਲਾ ਅਫ਼ਗਾਨਾ ਬਨਾਮ ਗੁਰਤੇਜ ਸਿੰਘ ਦਾ 'ਸਿੰਘ ਨਾਦ' ਤੇ 'ਚੱਕਰਵਿਊ'

***-ਗੁਰਸਿੱਖ ਫੀਚਰਜ਼***

ਪਿਛਲੇ ਕੁਝ ਸਾਲਾਂ ਤੋਂ ਚੱਲ ਰਹੇ ਗੁਰਬਖਸ਼ ਸਿੰਘ ਕਾਲਾ ਅਫ਼ਗਾਨਾ ਵਿਵਾਦ ਅੰਦਰ ਸ. ਗੁਰਤੇਜ  ਸਿੰਘ, ਪ੍ਰੋਫੈਸਰ ਆਫ਼ ਸਿੱਖਇਜ਼ਮ ਦਾ ਨਾਂ ਸ. ਕਾਲਾ ਅਫ਼ਗਾਨਾ ਦੇ ਮੁੱਖ ਹਮਾਇਤੀ ਵਜੋਂ ਸਾਹਮਣੇ ਆਇਆ ਹੈ। ਕੁਦਰਤੀ ਗੱਲ ਹੈ ਕਿ ਜਿਨ੍ਹਾਂ ਵੀਰਾਂ ਨੂੰ ਸ. ਕਾਲਾ ਅਫ਼ਗਾਨਾ ਦੀਆਂ ਲਿਖਤਾਂ ਤੇ ਸ਼ੰਕਾ ਹੈ, ਉਨ੍ਹਾਂ ਲਈ ਇਹ ਹੈਰਾਨਕੁੰਨ ਵਰਤਾਰਾ ਸੀ। ਸ. ਗੁਰਤੇਜ ਸਿੰਘ ਹੁਰਾਂ ਦੇ ਵਿਚਾਰਾਂ ਨੂੰ ਸਮਝਣ ਲਈ ਉਨ੍ਹਾਂ ਦੀ ਲਿਖੀ ਪੁਸਤਕ 'ਸਿੰਘਨਾਦ' ਨੂੰ ਪੜ੍ਹਿਆ। ਸਿੰਘਨਾਦ ਪੜ੍ਹ ਕੇ ਹੋਰ ਵੀ ਹੈਰਾਨੀ ਹੋਈ ਕਿ ਸ. ਕਾਲਾ ਅਫ਼ਗਾਨਾ ਅਤੇ ਸ. ਗੁਰਤੇਜ ਸਿੰਘ ਦੀ ਤਾਂ ਆਪਸ ਵਿਚ ਵਿਚਾਰਾਂ ਦੀ ਸਾਂਝ ਹੀ ਕੋਈ ਨਹੀਂ ਹੈ। ਫਿਰ ਅੱਜ ਸ. ਗੁਰਤੇਜ ਸਿੰਘ ਸ਼ੱਕੀ ਪਿਛੋਕੜ ਵਾਲੇ ਸ. ਕਾਲਾ ਅਫ਼ਗਾਨਾ ਦੇ ਬੁਲਾਰੇ ਕਿਉਂ ਬਣ ਗਏ ਹਨ ਇਹ ਤਾਂ ਉਹੀ ਦੱਸ ਸਕਦੇ ਹਨ। ਅਸੀਂ ਇਸ ਲੇਖ ਅੰਦਰ ਉਨ੍ਹਾਂ ਦੀ ਕਿਤਾਬ ਸਿੰਘਨਾਦ ਵਿਚੋਂ ਉਨ੍ਹਾਂ ਦੇ ਮਨ ਦੀਆਂ ਤਰੰਗਾਂ ਸ. ਕਾਲਾ ਅਫ਼ਗਾਨਾ ਦੇ ਅਖੌਤੀ 'ਉੱਚੇ-ਸੁੱਚੇ ਵਿਚਾਰਾਂ' ਨਾਲ ਮੇਲ ਕਰਾਉਣ ਦਾ ਯਤਨ ਕੀਤਾ ਹੈ।

ਸਿੰਘ ਨਾਦ ਕਿਤਾਬ ਦੇ ਪਹਿਲੇ ਲੇਖ 'ਸਿੱਖੀ ਵਿਚ ਸ਼ਹਾਦਤ' ਦੇ ਅੰਦਰ ਸ. ਗੁਰਤੇਜ ਸਿੰਘ ਸ਼ਹਾਦਤ ਸੰਬੰਧੀ ਆਪਣੀਆਂ ਭਾਵਨਾਵਾਂ ਇਨ੍ਹਾਂ ਲਫ਼ਜ਼ਾਂ ਨਾਲ ਪ੍ਰਗਟ ਕਰਨ ਦਾ ਯਤਨ ਕਰਦੇ ਹਨ:

"ਸਿੱਖੀ ਵਿਚ ਸ਼ਹੀਦੀ ਦਰਜਾ ਪ੍ਰਾਪਤ ਕਰਨ ਸੰਬੰਧੀ ਇਕ ਹੋਰ ਵਚਿੱਤਰ ਗੱਲ ਇਹ ਹੈ ਕਿ ਇਸ ਦੀ ਸੰਭਾਵਨਾ ਨੇ ਗਹਿਰ ਗੰਭੀਰ ਬਜ਼ੁਰਗਾਂ ਤੋਂ ਲੈ ਕੇ ਮਨਚਲੇ ਨੌਜਵਾਨਾਂ, ਬੱਚਿਆਂ ਅਤੇ ਸਿੰਘਣੀਆਂ ਤਕ ਨੂੰ ਇਉਂ ਆਪਣੇ ਵੱਲ ਖਿੱਚਿਆ, ਜਿਵੇਂ ਮਿਕਨਾਤੀਸ ਲੋਹੇ ਨੂੰ ਖਿੱਚਦਾ ਹੈ। ਸ਼ਹੀਦੀ ਦਾ ਉੱਤਮ ਦਰਜਾ ਪ੍ਰਾਪਤ ਕਰਨ ਲਈ ਜਿੱਥੇ ਭਾਈ ਗਰਜਾ ਸਿੰਘ ਵਰਗੇ ਅਨਪੜ੍ਹ ਅਤੇ ਅੱਲ੍ਹੜ ਨੌਜਵਾਨ ਉਤਾਵਲੇ ਰਹੇ, ਉਥੇ ਸ੍ਰੀ ਦਸਮੇਸ਼ ਦੇ ਮੁਬਾਰਕ ਹੱਥਾਂ ਤੋਂ ਅੰਮ੍ਰਿਤ ਛਕਣ ਵਾਲੇ ਗੁਰੂ ਗ੍ਰੰਥ ਸਾਹਿਬ ਦਾ ਅਰਬੀ ਅਤੇ ਫਾਰਸੀ ਵਿਚ ਉਲੱਥਾ ਕਰਨ ਵਾਲੇ ਮਹਾ ਵਿਦਵਾਨ, ਸ਼ਾਂਤ ਸੁਭਾਅ, ਬਾਬਾ ਦੀਪ ਸਿੰਘ ਜੀ ਵੀ ਇਕ ਹੱਥ ਖੰਡਾ ਲੈ, ਦੂਜੇ 'ਤੇ ਸੀਸ ਰੱਖ ਕੇ ਜਾ ਜੁਝੇ। ਜਿਸ ਕੋਲੋਂ ਜਿਵੇਂ ਵੀ ਸੇਵਾ ਆਈ, ਕੀਤੀ। ਪਰੰਤੂ ਜਦੋਂ ਮਾਹੀ ਦੀ ਸੱਦ ਕੰਨੀ ਪਈ, ਵਿਚੋਂ ਕਲਮ ਛੱਡ ਕੇ, ਬਲਦਾਂ ਨੂੰ ਪੰਜਾਲੀਆਂ ਵਿਚ ਛੱਡ ਕੇ, ਮਹਿਲਾਂ ਦੇ ਸੁੱਖ ਤਿਆਗ ਕੇ ਜ਼ਾਲਮ ਦੀ ਤੇਗ ਨੂੰ ਜਾ ਗਲ਼ ਲਾਇਆ। ਪੰਜਵੇਂ ਪਾਤਿਸ਼ਾਹ ਹਜ਼ੂਰ ਤੋਂ ਲੈ ਕੇ ਭਾਈ ਅਮਰੀਕ ਸਿੰਘ ਤਕ ਸਭ ਸ਼ਹੀਦਾਂ ਮੁਰੀਦਾਂ ਦੇ ਮਨਾਂ ਵਿਚ ਸ਼ਹੀਦੀਆਂ ਪਾਉਣ ਦਾ ਚਾਅ ਪ੍ਰਤੱਖ ਦਿੱਸ ਆਉਂਦਾ ਹੈ।"

ਹੁਣ ਸ. ਕਾਲਾ ਅਫ਼ਗਾਨਾ ਜੀ ਕੀ ਉਚਾਰਦੇ ਹਨ, ਉਹ ਵੀ ਕਾਬਿਲੇ ਗੌਰ ਹੈ:

"ਕਈਆਂ ਨੇ ਆਪਣੀ ਗੱਦੀ ਸੰਤ ਡੇਰੇ ਤੋਂ ਅਗਾਂਹ ਟਪਾ ਲਈ। ਉਹ ਗੁਰੂ ਵੀ ਆਪ ਬਣ ਬੈਠੇ। ਸੰਤ-ਭੇਖ ਵਾਲੇ ਡੇਰੇਦਾਰ ਅਜਿਹੇ ਭੇਖੀ-ਗੁਰੂ ਨੂੰ ਆਪਣੇ ਨਾਲੋਂ ਅੱਗੇ ਲੰਘ ਗਿਆ ਵੇਖ ਸਹਾਰ ਨਾ ਸਕੇ ਅਤੇ ਸਾੜੇ ਕਾਰਨ ਉਨ੍ਹਾਂ ਦੇ ਦੁਸ਼ਮਣ ਬਣ ਗਏ। ਕਦੇ ਭੇਖੀ ਵੀ ਕਿਸੇ ਪ੍ਰਚਾਰ ਦਾ ਉੱਤਰ ਪ੍ਰਚਾਰ ਨਾਲ ਦੇਣ ਜੋਗੇ ਹੋਏ ਹਨ? ਦਲੀਲ ਨਾਲ ਗੁਰੂ ਬਾਣੀ ਦੇ ਸ਼ਬਦ ਪ੍ਰਮਾਣਾਂ ਦੇ ਸਹਾਰੇ ਕਿਸੇ ਦੀ ਤਸੱਲੀ ਕਰਵਾਉਣ ਦੀ ਕੀ ਲੋੜ ਹੈ, ਫੜ ਲਓ ਬੰਦੂਕਾਂ ਤੇ ਉਜਾੜ ਦਿਉ ਵਸਦੇ ਘਰਾਂ ਨੂੰ। ਹਜ਼ਾਰਾਂ ਸਾਲਾਂ ਤੋਂ ਇਹਨਾਂ ਭੇਖੀਆਂ ਦੀ ਲੜਾਈ ਨੇ ਕਈ ਜ਼ੁਲਮੀ ਕਾਰ ਕਰਵਾਏ ਅਤੇ ਅਜੇ ਪਤਾ ਨਹੀਂ ਕੀ ਵਾਪਰਨਾ ਹੈ। ਭੇਖੀਆਂ ਨੇ ਗੁਰਮਤਿ ਸਿਧਾਂਤ ਦੀ ਖੰਡਨਾ ਕਰਨ ਵਿਚ ਜ਼ਰਾ ਕਸਰ ਨਾ ਰੱਖੀ।

*(ਭਾਗ ਦੂਜਾ, ਪੰਨਾ 216)*

ਸ. ਕਾਲਾ ਅਫ਼ਗਾਨਾ ਨੇ ਤਾਂ ਆਪਣੀ ਟਿੱਪਣੀ ਵਿਚ ਹਜ਼ਾਰਾਂ ਸਾਲਾਂ ਦੀ ਗੱਲ ਕਰਕੇ ਸਾਰੇ ਗੁਰੂ ਕਾਲ ਅਤੇ ਉਪਰੰਤ ਸਾਰੀਆਂ ਜੰਗਾਂ ਨੂੰ ਨਕਾਰਨ ਦਾ ਯਤਨ ਕੀਤਾ ਹੈ। ਹੁਣ ਸਵਾਲ ਇਹ ਹੈ ਕਿ ਉਪਰੋਕਤ ਟਿੱਪਣੀ ਵਿਚ ਕੀ ਸ. ਕਾਲਾ ਅਫ਼ਗਾਨਾ ਇਹ ਕਹਿਣਾ ਚਾਹੁੰਦਾ ਹੈ ਕਿ ਛੇਵੇਂ ਪਾਤਸ਼ਾਹ ਜਾਂ ਦਸਵੇਂ ਪਾਤਸ਼ਾਹ ਗੁਰੂ ਬਾਣੀ ਪ੍ਰਮਾਣਾਂ ਨਾਲ ਕਿਸੇ ਦੀ ਤਸੱਲੀ ਨਹੀਂ ਕਰਵਾ ਸਕਦੇ ਸਨ? ਜਾਂ ਫਿਰ ਕੀ ਭਾਈ ਮਨੀ ਸਿੰਘ ਜ਼ਾਲਮਾਂ ਨੂੰ ਸਮਝਾਉਣ ਵਿਚ ਅਸਮਰੱਥ ਰਹਿਣ ਕਰਕੇ ਕਤਲ ਕਰ ਦਿੱਤੇ ਗਏ ਸਨ? ਜਾਂ ਸ. ਕਾਲਾ ਅਫ਼ਗਾਨਾ ਇਹ ਕਹਿਣਾ ਚਾਹੁੰਦੇ ਹਨ ਕਿ ਬਾਬਾ ਦੀਪ ਸਿੰਘ ਸ਼ਹੀਦ ਨੂੰ ਅਬਦਾਲੀ ਨੂੰ ਦਲੀਲ ਨਾਲ ਸਮਝਾਉਣਾ ਚਾਹੀਦਾ ਸੀ? ਵੀਰ ਗੁਰਤੇਜ ਸਿੰਘ ਤਾਂ ਸ਼ਹੀਦੀ ਦੀ ਮਿਕਨਾਤੀਸੀ ਖਿੱਚ ਦੀ ਗੱਲ ਕਰਦੇ ਹਨ। ਹੁਣ ਇਸ ਦਾ ਜਵਾਬ ਉਹ ਹੀ ਦੇ ਸਕਦੇ ਹਨ ਕਿ ਇਨ੍ਹਾਂ ਭੇਖੀਆਂ ਨੇ ਸ. ਕਾਲਾ ਅਫ਼ਗਾਨਾ ਦੇ ਸ਼ਬਦਾਂ ਅਨੁਸਾਰ, ਗੁਰਮਤਿ ਸਿਧਾਂਤ ਦੀ ਖੰਡਨਾ ਕਿਉਂ ਕੀਤੀ?

ਆਪਣੇ ਇਕ ਹੋਰ ਲੇਖ 'ਭੇਖ ਕਰੈ ਗੁਰ ਸਬਦੁ ਨ ਕਮਾਏ' ਅੰਦਰ ਲਿਖਦੇ ਹਨ ਕਿ 'ਸ਼੍ਰੋਮਣੀ ਕਮੇਟੀ ਵੱਲੋਂ ਛਾਪੀ ਰਹਿਤ ਮਰਿਆਦਾ ਹੀ ਅਸਲ ਪੰਥਕ ਰਹਿਤ ਹੈ। ਇਸ ਵਿਚ ਵਾਧਾ ਘਾਟਾ ਲੋਚਣ ਵਾਲੇ ਉਸ ਦੁਸ਼ਮਣ ਦੇ ਹੱਥਾਂ ਵਿਚ ਖੇਡ ਰਹੇ ਹਨ, ਜੋ ਇਹ ਆਖ ਰਿਹਾ ਹੈ ਕਿ ਗੁਰਸਿੱਖੀ ਦੀ ਕੋਈ ਤਹਿਸ਼ੁਦਾ ਰਹਿਤ ਨਹੀਂ ਅਤੇ ਅਮੂਮਨ ਸਿੱਖ ਏਸ ਨੂੰ ਬਦਲਦੇ ਆਏ ਹਨ।'

ਦੂਜੇ ਪਾਸੇ ਸ.ਕਾਲਾ ਅਫ਼ਗਾਨਾ ਦੀ ਬਿਪਰਨ ਕੀ ਰੀਤ ਦੇ ਛੇਵੇਂ ਭਾਗ ਦੀ ਭੂਮਿਕਾ ਵਿਚ ਇਹ ਲਿਖਿਆ ਮਿਲਦਾ ਹੈ,

'ਇਸ ਸਮੇਂ ਇਕ ਗੰਭੀਰ ਪ੍ਰਸ਼ਨ ਇਹ ਵੀ ਪੈਦਾ ਹੋ ਰਿਹਾ ਹੈ ਕਿ ਪੰਥ-ਪ੍ਰਵਾਨਿਤ ਸਿੱਖ ਰਹਿਤ ਮਰਿਯਾਦਾ ਦਾ ਜਿਹੜਾ ਖਰੜਾ ਸ਼੍ਰੋਮਣੀ ਕਮੇਟੀ ਛਾਪ ਛਾਪ ਕੇ ਪ੍ਰਚਾਰ ਰਹੀ ਹੈ, ਉਹ ਕਿੰਨਾ ਕੁ ਪੰਥਕ ਹੈ? ਇਸ ਬਾਰੇ ਬਹੁਤ ਸਾਰੇ ਮੱਤਭੇਦ ਹਨ। ਇਹਨਾਂ ਦੀ ਚਰਚਾ ਛੱਡਦਿਆਂ ਇਥੇ ਇਹ ਵੀਚਾਰ ਜ਼ਰੂਰੀ ਹੈ ਕਿ ਇਸ ਦੀਆਂ

ਸਾਰੀਆਂ ਗੱਲਾਂ ਪ੍ਰਵਾਨ ਕਰ ਸਕਣੀਆਂ ਮੁਸ਼ਕਲ ਹਨ। ਇਹਨਾਂ ਵਿਚੋਂ ਕੁਝ ਪਾਸੇ ਧਿਆਨ ਇਸ ਪੁਸਤਕ ਨੇ ਜ਼ਰੂਰ ਦਿਵਾਇਆ ਹੈ। ਕੀ ਅਨੰਦ-ਕਾਰਜ ਲਾਵਾਂ (ਪਰਿਕਰਮਾ) ਤੋਂ ਬਿਨਾਂ ਸੰਭਵ ਨਹੀਂ? ਕੀ ਗੁਰੂ ਗ੍ਰੰਥ ਸਾਹਿਬ ਦਾ ਵਾਕ ਲੈਣ ਦੀ ਮੌਜੂਦਾ ਮਰਯਾਦਾ (ਖੱਬੇ ਸਫ਼ਾ ਦਾ ਪਹਿਲਾ ਜਾਂ ਚਾਲੂ ਸ਼ਬਦ ਪੜ੍ਹਨਾ) ਪਿੱਛੇ ਕੋਈ ਦਲੀਲ ਹੈ? ਕੀ ਬੱਚੇ ਦਾ ਨਾਂ ਰੱਖਣ ਸਮੇਂ ਗੁਰੂ-ਵਾਕ ਦੇ ਪਹਿਲੇ ਅੱਖਰ ਦੇ ਨਾਲ ਨਾਂ ਰੱਖਣ ਦਾ ਕੋਈ ਕਾਰਣ ਹੈ?'

ਇਸੇ ਹੀ ਕਿਤਾਬ ਦੇ ਪੰਨਿਆਂ 'ਤੇ ਰਹਿਤ ਮਰਿਆਦਾ ਸੰਬੰਧੀ ਸ. ਕਾਲਾ ਅਫ਼ਗਾਨਾ ਲਿਖਦੇ ਹਨ:

'ਪੰਥ ਦੇ ਸਰਬਰਾਹਾਂ ਨੇ 1985 ਵਿਚ ਕੇਂਦਰੀ ਰਹਿਤ ਮਰਯਾਦਾ ਦਾ ਖਰੜਾ ਜਾਰੀ ਕੀਤਾ। ਭਾਵੇਂ ਇਹ ਖਰੜਾ ਵੀ ਗੁਰਸਿੱਖ ਨੂੰ ਬਿਪਰਨ ਕੀ ਰੀਤ ਤੋਂ ਬਚਾਈ ਰੱਖਣ ਦੀ ਸਮਰੱਥਾ ਤੋਂ ਹੀਣਾ ਸੀ।'

***(ਭਾਗ ਛੇਵਾਂ, ਪੰਨਾ 42)***

ਹੋਰ ਅੱਗੇ ਲਿਖਦੇ ਹਨ:

'ਪੰਥਕ ਰਹਿਤ ਮਰਯਾਦਾ ਬਣੀ ਤਾਂ ਸਿੱਖ ਨੂੰ ਬ੍ਰਾਹਮਣੀ ਰੀਤਾਂ ਤੋਂ ਖਲਾਸੀ ਦਿਵਾਉਣ ਲਈ ਹੋਵੇਗੀ, ਪਰ 'ਸੰਸਕਾਰ' ਸ਼ਬਦ ਦੀ ਵਰਤੋਂ ਵਾਲੇ ਸਿਰਲੇਖਾਂ ਹੇਠ ਗੁਰਮਤਿ ਮਰਯਾਦਾ ਦਾ ਵੇਰਵਾ ਲਿਖ ਕੇ ਇਸ ਨੂੰ ਬ੍ਰਾਹਮਣੀ ਸੰਸਕਾਰ ਦੀ ਸਿੱਖਿਆ ਦੇ ਨਿਯਮ ਦੇ ਅਧਾਰਤ ਬਣੀ ਹੋਣ ਦਾ ਭਰਮ ਬਣਾ ਦਿੱਤਾ। ਜਦ ਗੁਰੂ ਗ੍ਰੰਥ ਸਾਹਿਬ ਵਿਚ ਸੰਸਕਾਰ ਸ਼ਬਦ ਮਿਲਦਾ ਹੀ ਨਹੀਂ ਸੀ, ਤਾਂ ਰਹਿਤ ਮਰਯਾਦਾ ਵਿਚ ਸੰਸਕਾਰਾਂ ਦਾ ਵੇਰਵਾ ਦੇਣਾ ਬਿੱਲੀ ਨੂੰ ਚੂੰ ਮਾਰਨ ਦੀ ਖੁੱਲ੍ਹ ਦੇਣੀ ਭਿਆਨਕ ਭੁੱਲ ਸੀ।'

***(ਭਾਗ ਛੇਵਾਂ, ਪੰਨਾ 57)***

ਇਸ ਤੋਂ ਅੱਗੇ ਕਹਿੰਦੇ ਹਨ:

'ਉਂਝ ਤਾਂ ਇਹ ਸਾਰੀ ਮਰਯਾਦਾ ਹੀ ਗਰੁੜ ਪੁਰਾਣ ਵਾਲੀ ਮਰਯਾਦਾ ਦਾ ਸੁਧਰਿਆ ਹੋਇਆ ਰੂਪ ਹੈ ਪਰ 17 ਹਿੱਸਿਆਂ ਵਿਚ ਵੰਡਿਆ ਜਾ ਸਕਣ ਵਾਲਾ (ਹ) ਭਾਗ ਤਾਂ ਵਿਸ਼ੇਸ਼ ਕਰਕੇ ਸਿੱਧੀ ਪ੍ਰੋਹਿਤਵਾਦੀ ਬੋਲੀ ਹੀ ਹੈ। ਮਿਰਤਕ ਸਰੀਰ ਨੂੰ ਇਸ਼ਨਾਨ ਕਰਾਉਣ ਦੀ, ਉਸਨੂੰ ਸੁਅੱਛ ਬਸਤਰ ਪਾਉਣ ਦੀ, ਕਕਾਰ ਜੁਦਾ ਨਾ ਕੀਤੇ ਜਾਣ ਦੀ, ਫਿਰ ਤਖਤੇ ਉੱਤੇ ਪਾਉਣ ਅਤੇ ਫਿਰ ਚਲਾਣੇ ਦਾ ਅਰਦਾਸਾ ਸੋਧਿਆ ਜਾਣ ਦੀ ਕਰਮ-ਕਿਰਿਆ ਲਿਖਣ ਉਪਰੰਤ ਅਰਥੀ ਚੁੱਕ ਕੇ ਸ਼ਮਸ਼ਾਨ ਭੂਮੀ ਨੂੰ ਜਾਂਦੇ ਵੈਰਾਗ-ਮਈ ਸ਼ਬਦਾਂ ਦਾ ਉਚਾਰਨ ਕੀਤੇ ਜਾਣ ਬਾਰੇ ਲਿਖਣਾ (ਪੰਥਕ ਤੌਰ 'ਤੇ) ਗੁਰੂ ਬਾਣੀ ਦਾ ਤ੍ਰਿਸਕਾਰ ਕਰਨ ਦਾ ਰਾਹ ਖੋਲ੍ਹਿਆ ਦਿਸ ਆਇਆ ਹੈ।'

***(ਭਾਗ ਛੇਵਾਂ, ਪੰਨਾ 116)***

ਹੁਣ ਸਤਿਕਾਰਤ ਵੀਰ ਗੁਰਤੇਜ ਸਿੰਘ ਆਪ ਹੀ ਦੱਸ ਦੇਣ ਕਿ ਉਨ੍ਹਾਂ ਦੁਆਰਾ ਦੱਸੇ ਗਏ 'ਭਾੜੇ ਦੇ ਵਿਦਵਾਨਾਂ' ਅਤੇ ਉਨ੍ਹਾਂ ਦੁਆਰਾ ਹੁਣ ਸਤਿਕਾਰਤ ਬਜ਼ੁਰਗ ਵਿਦਵਾਨ ਸ. ਕਾਲਾ ਅਫ਼ਗਾਨਾ ਵਿਚ ਫ਼ਰਕ ਕਿੱਥੇ ਹੈ?

'ਜਨ ਨਾਨਕ ਸਰਣਿ ਤੁਮਾਰੀ' ਲੇਖ ਅੰਦਰ ਵੀਰ ਗੁਰਤੇਜ ਸਿੰਘ ਜੀ ਨੇ ਸਾਬਤ ਕੀਤਾ ਹੈ ਕਿ ਨੀਲਾ ਤਾਰਾ ਸਾਕਾ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ ਅੰਦਰ ਭਗੌੜੇ ਮੁਜ਼ਰਿਮ ਹੋਣ ਦਾ ਰੌਲਾ ਸਿਰਫ਼ ਸਰਕਾਰ ਵੱਲੋਂ ਅੰਦਰ ਪੁਲੀਸ ਭੇਜਣ ਦੀ ਤਿਆਰੀ ਹਿੱਤ ਹੀ ਸੀ। ਇਨ੍ਹਾਂ ਨੇ ਨਾਲ ਹੀ ਇਹ ਵੀ ਦੱਸਿਆ ਹੈ ਕਿ ਸਰਣਿ ਆਏ ਕਿਸੇ ਮਨੁੱਖ ਪ੍ਰਤੀ ਗੁਰਬਾਣੀ ਕੀ ਰਹਿਨੁਮਾਈ ਦਿੰਦੀ ਹੈ।

ਦੂਜੇ ਪਾਸੇ ਇਸਦੇ ਬਿਲਕੁਲ ਉਲਟ ਸ. ਕਾਲਾ ਅਫ਼ਗਾਨਾ ਬਿਪਰਨ ਕੀ ਰੀਤ ਦੇ ਪਹਿਲੇ ਭਾਗ ਦੇ ਪੰਨਾ 218 'ਤੇ ਲਿਖਦੇ ਹਨ, 'ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਮੋਰਚੇ ਬਣਨ ਦਾ ਕੀ ਕਾਰਨ ਸੀ? ਦਰਬਾਰ ਸਾਹਿਬ ਦਾ ਬਿਨਾਂ ਕੋਈ ਨੁਕਸਾਨ ਕੀਤਿਆਂ ਅਥਵਾ ਬਿਨਾਂ ਵਾਧੂ ਬੇਅਦਬੀ ਕੀਤਿਆਂ ਉਹਨਾਂ ਆਕੀਆਂ ਨੂੰ ਕਿਵੇਂ ਕਾਬੂ ਕੀਤਾ ਜਾ ਸਕਦਾ ਸੀ?'

ਇਸੇ ਤਰ੍ਹਾਂ ਭਾਗ ਪੰਜਵਾਂ ਦੇ ਪੰਨਾ 156 'ਤੇ ਇਸ ਸੰਬੰਧੀ ਸ. ਕਾਲਾ ਅਫ਼ਗਾਨਾ ਜੀ ਵੀਰ ਗੁਰਤੇਜ ਸਿੰਘ ਵਰਗੇ ਪੰਥਕ ਲਿਖਾਰੀਆਂ ਤੇ ਬੁਲਾਰਿਆਂ ਲਈ ਇਹ ਵਿਚਾਰ ਪ੍ਰਗਟ ਕਰਦੇ ਹਨ:

"ਝੋਲੀ-ਚੁੱਕ ਬੁਲਾਰਿਆਂ ਨੇ ਧੂੰਆਂਧਾਰ ਤਕਰੀਰਾਂ ਦਾ ਹੜ੍ਹ ਵਗਾ ਦਿੱਤਾ ਅਤੇ ਕਲਮ ਦੇ ਧਨੀ ਲਿਖਾਰੀਆਂ ਨੇ ਬੜੇ ਅਸਰਦਾਰ ਲੇਖਾਂ ਦੁਆਰਾ ਲੋਕਾਂ ਦੇ ਮਨਾਂ ਵਿਚ ਬਣੇ ਸਿੰਘਾਂ ਪ੍ਰਤੀ ਭੈਅ ਨੂੰ ਨਿਰਮੂਲ ਸਿੱਧ ਕਰਨ ਲਈ ਬੜੇ ਟਿੱਲ ਲਾਏ। ਅਸਲੀ ਸਿੰਘਾਂ ਬਾਰੇ ਅਤੇ ਨਕਲੀ ਸਿੰਘਾਂ ਬਾਰੇ ਦਲੀਲਾਂ ਨਾਲ ਅਖ਼ਬਾਰਾਂ ਦੇ ਪੰਨੇ ਕਾਲੇ ਹੁੰਦੇ ਰਹੇ, ਪਰ ਦਲੀਲਾਂ ਘੜ ਲੈਣ ਵਾਲੇ ਚਪਲ-ਬੁੱਧੀ ਦੇ ਆਸਰੇ ਅੱਜ ਤਾਈਂ ਕੋਈ ਮਨੁੱਖ ਸਚਿਆਰ ਨਹੀਂ ਬਣ ਸਕਿਆ।"

ਹੁਣ ਇਨ੍ਹਾਂ ਸਤਰ੍ਹਾਂ ਨੂੰ ਵੀਰ ਗੁਰਤੇਜ ਸਿੰਘ ਹੁਰੀਂ ਕਿਸ ਸੰਦਰਭ ਵਿਚ ਸਮਝਣਾ ਚਾਹੁੰਦੇ ਹਨ, ਇਹ ਤਾਂ ਉਹੀ ਦੱਸ ਸਕਦੇ ਹਨ; ਪਰ ਆਮ ਸੰਗਤ ਨੂੰ ਜੋ ਸ. ਕਾਲਾ ਅਫ਼ਗਾਨਾ ਹਜ਼ਮ ਕਰਾਉਣਾ ਚਾਹੁੰਦੇ ਹਨ, ਉਹ ਹੋ ਨਹੀਂ ਰਿਹਾ।

'ਏਹੁ ਮਾਰਗੁ ਖੰਡੇ ਧਾਰਾ' ਵਿਚ ਵੀਰ ਗੁਰਤੇਜ ਸਿੰਘ ਪਿਛਲੇ ਸਮੇਂ ਅੰਦਰ ਹੋਏ ਗੁਰਮੁਖਾਂ ਦੀਆਂ ਝਲਕੀਆਂ ਦਿੱਤੀਆਂ ਹਨ। ਜਿਨ੍ਹਾਂ ਵਿਚੋਂ ਬਹੁਤੇ ਪਿਛਲੇ 200 ਸਾਲ ਦੇ ਸਮੇਂ ਅੰਦਰ ਆਉਂਦੇ ਹਨ। ਪਰੰਤੂ ਸ. ਕਾਲਾ ਅਫ਼ਗਾਨਾ ਤਾਂ ਪਿਛਲੇ 200 ਸਾਲ ਅੰਦਰ ਕਿਸੇ ਸਿੱਖ ਵਿਦਵਾਨ ਨੂੰ ਅਕਲਮੰਦ ਹੀ ਨਹੀਂ ਮੰਨਦੇ।

'ਖ਼ਾਲਸੇ ਦੀ ਰਹਿਤ-ਕ੍ਰਿਪਾਨ' ਵਿਚ ਸ. ਗੁਰਤੇਜ ਸਿੰਘ ਨੇ ਇਹ ਮੰਨਿਆ ਹੈ ਕਿ ਇਹ ਜਾਨਣ ਲਈ ਕਿ ਦਸਵੇਂ ਪਾਤਸ਼ਾਹ ਨੇ 1699 ਦੀ ਵਿਸਾਖੀ ਨੂੰ ਅੰਮ੍ਰਿਤ ਛਕਾਉਣ ਵੇਲੇ ਕਿਹੜੀ ਖ਼ਾਲਸਾ ਰਹਿਤ ਪ੍ਰਪੱਕ ਕੀਤੀ ਸੀ, ਇਸ ਸੰਬੰਧੀ ਪੰਥ ਨੇ ਬਹੁਤ ਮਿਹਨਤ ਕੀਤੀ। ਜਿਸਦਾ ਸਿੱਟਾ ਸਿੱਖ ਰਹਿਤ ਮਰਿਯਾਦਾ ਹੈ। ਪ੍ਰਸ਼ਨ ਉੱਠਦਾ ਹੈ ਕਿ ਜਦੋਂ ਕ੍ਰਿਪਾਨ ਦੀ ਲੰਬਾਈ ਲਈ ਪੰਥ ਵੱਲੋਂ ਇੰਨੀ ਮਿਹਨਤ ਕੀਤੀ ਗਈ ਤਾਂ ਅੰਮ੍ਰਿਤ ਛਕਾਉਣ ਵੇਲੇ ਕਿੰਨੀਆਂ ਤੇ ਕਿਹੜੀਆਂ ਬਾਣੀਆਂ ਪੜ੍ਹੀਆਂ ਗਈਆਂ, ਕੀ ਇਹ ਬਿਨਾਂ ਵਿਚਾਰੇ ਹੀ ਰਹਿਤ ਮਰਿਯਾਦਾ ਵਿਚ ਸ਼ਾਮਲ ਕਰ ਲਿਆ ਗਿਆ ਹੋਵੇਗਾ।

ਇਸੇ ਤਰ੍ਹਾਂ ਹੀ ਵੀਰ ਗੁਰਤੇਜ ਸਿੰਘ ਜੀ ਦੀ ਲਿਖਤ ਅੰਗਰੇਜ਼ੀ ਦੀ ਕਿਤਾਬ 'ਚੱਕਰਵਿਊ' ਦੇ ਪਹਿਲੇ ਲੇਖ ਅੰਦਰ ਡਾ. ਗੰਡਾ ਸਿੰਘ ਦੁਆਰਾ ਸੰਪਾਦਿਤ ਢਾਡੀ ਨੱਥਾ ਮੱਲ ਦੀ ਰਚਨਾ 'ਅਮਰ ਨਾਮਾ' ਦਾ ਵਿਸਥਾਰ ਦਿੱਤਾ ਹੈ। ਇਸਨੂੰ ਸਿੱਖ ਕੌਮ ਦੀ ਇਕ ਇਹੋ ਜਿਹਾ ਇਤਿਹਾਸਕ ਅਹਿਮ ਦਸਤਾਵੇਜ ਮੰਨਿਆ ਗਿਆ ਹੈ ਜੋਕਿ ਦਸਵੇਂ ਪਾਤਿਸ਼ਾਹ ਦੇ ਜੋਤੀ ਜੋਤਿ ਸਮਾਉਣ ਤੋਂ ਅਗਲੇ ਦਿਨ ਭਾਵ ੮ ਅਕਤੂਬਰ 1708 ਈ: ਨੂੰ ਢਾਡੀ ਨੱਥਾ ਮੱਲ ਵੱਲੋਂ ਲਿਖ ਕੇ ਪੂਰਾ ਕੀਤਾ ਗਿਆ। ਢਾਡੀ ਨੱਥਾ ਮੱਲ ਜੀ ਛੇਵੇਂ ਪਾਤਿਸ਼ਾਹ ਜੀ ਤੋਂ ਲੈ ਕੇ ਦਸਵੇਂ ਪਾਤਿਸ਼ਾਹ ਤਕ ਗੁਰੂਆਂ ਦੇ ਅੰਗ-ਸੰਗ ਰਹੇ। ਉਨ੍ਹਾਂ ਨੇ ਆਪਣੇ ਛੰਦਾਂ ਦੇ ਅੰਦਰ ਦਸਵੇਂ ਪਾਤਿਸ਼ਾਹ ਵੱਲੋਂ ਆਪਣੇ ਸਿੰਘਾਂ ਨੂੰ ਜ਼ਿੰਦਗੀ ਦੇ ਤਿੰਨ ਮਹੱਤਵਪੂਰਨ ਸਮਿਆਂ 'ਚ ਅੰਮ੍ਰਿਤ ਛਕਣ ਲਈ ਕਹਿਣ ਦਾ ਜ਼ਿਕਰ ਕੀਤਾ ਹੈ। ਸਭ ਤੋਂ ਪਹਿਲਾਂ ਇਕ ਨਵ-ਜਨਮੇ ਬੱਚੇ ਨੂੰ ਲਾਜ਼ਮੀ ਅੰਮ੍ਰਿਤ ਛਕਾਉਣ ਦਾ ਜ਼ਿਕਰ ਕੀਤਾ ਹੈ। ਫਿਰ ਜਦੋਂ ਆਦਮੀ ਜਵਾਨ ਹੁੰਦਾ ਹੈ ਅਤੇ ਆਖਰੀ ਸਮੇਂ 'ਤੇ ਅੰਮ੍ਰਿਤ ਹੀ ਗੁਰੂ-ਦਰਸ਼ਨਾਂ ਦਾ ਜ਼ਾਮਨ ਹੁੰਦਾ ਹੈ।

ਹੁਣ ਸ. ਕਾਲਾ ਅਫ਼ਗਾਨਾ ਜੀ ਨੇ ਬੱਚੇ ਨੂੰ ਅੰਮ੍ਰਿਤ ਛਕਾਉਣ ਬਾਰੇ ਸੰਤ ਗੁਰਬਚਨ ਸਿੰਘ ਜੀ ਭਿੰਡਰਾਂਵਾਲਿਆਂ ਵੱਲੋਂ ਵਿਧੀ ਦੱਸਣ 'ਤੇ ਉਨ੍ਹਾਂ ਦੀ ਸਖ਼ਸ਼ੀਅਤ ਪ੍ਰਤੀ ਬਹੁਤ ਘਟੀਆ ਸ਼ਬਦਾਵਲੀ ਵਰਤ ਕੇ ਚੰਦ 'ਤੇ ਥੁੱਕਣ ਦੀ ਕੋਸ਼ਿਸ਼ ਕੀਤੀ ਹੈ। ਜਦਕਿ ਨਵ-ਜਨਮੇ ਬੱਚੇ ਨੂੰ ਅੰਮ੍ਰਿਤ ਛਕਾਉਣ ਦੀ ਇਸ ਤੋਂ ਵਧੀਆ ਵਿਧੀ ਹੋਰ ਕਿਹੜੀ ਹੋ ਸਕਦੀ ਹੈ।

ਇਸੇ ਤਰ੍ਹਾਂ ਹੀ ਛੰਦ 105-06 'ਚ ਢਾਡੀ ਨੱਥਾ ਮੱਲ ਨੇ ਇਕ ਸਿੱਖ ਨੂੰ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਹੱਥ ਫੜ ਕੇ ਸਵਰਗ ਵਿਚ ਲਿਜਾਣ ਦਾ ਜ਼ਿਕਰ ਕੀਤਾ ਹੈ ਤਾਂ ਕਿ ਉਹ ਆਪਣੇ ਮੰਜੀ ਉੱਤੇ ਮਰੇ ਪਿਤਾ ਨੂੰ ਮਿਲ ਸਕੇ। ਪਰੰਤੂ ਸ. ਕਾਲਾ ਅਫ਼ਗਾਨਾ ਨੇ ਸਵਰਗ-ਨਰਕ ਦੇ ਭਰਮ ਨੂੰ ਨਸ਼ਟ ਕਰਨ ਦੇ ਬਹਾਨੇ ਸਿੱਖ ਕੌਮ ਦੇ ਦੋ ਵਡਮੁੱਲੇ ਗੁਰਮੁੱਖ ਪਿਆਰਿਆਂ ਸੰਤ ਗੁਰਬਚਨ ਸਿੰਘ ਜੀ ਖ਼ਾਲਸਾ ਅਤੇ ਭਾਈ ਰਣਧੀਰ ਸਿੰਘ ਜੀ ਨੂੰ ਆਪਣੇ ਥਾਣੇਦਾਰੀ ਰੋਅਬ ਦਾ ਸ਼ਿਕਾਰ ਬਣਾਉਣ ਦਾ ਯਤਨ ਕੀਤਾ ਹੈ ਅਤੇ ਨਾਲ ਹੀ ਗੁਰਬਾਣੀ ਦੇ ਅਰਥਾਂ ਦੇ ਅਨਰਥ ਵੀ ਕੀਤੇ ਹਨ।

ਸ. ਕਾਲਾ ਅਫ਼ਗਾਨਾ ਨੇ ਆਪਣੀਆਂ ਲਿਖਤਾਂ ਅੰਦਰ ਬਹੁਤ ਥਾਂਵਾਂ 'ਤੇ ਖ਼ਾਲਸੇ ਦੀ ਜੰਗਜੂ ਬਿਰਤੀ ਨੂੰ ਖੁੰਢਿਆਂ ਕਰਨ ਦਾ ਯਤਨ ਕੀਤਾ ਹੈ। ਇਸ ਸੰਬੰਧੀ ਕੇਵਲ ਹੇਠ ਲਿਖੀ ਇਕ ਟਿੱਪਣੀ ਹੀ ਅਖੌਤੀ ਵਿਦਵਾਨ ਜੀ ਦਾ ਹੇਜ ਨੰਗਾ ਕਰ ਦਿੰਦੀ ਹੈ:

"ਸਵਾ ਲਾਖ ਸੇ ਏਕ ਲੜਾਊਂ॥ ਤਬੈ ਗੋਬਿੰਦ ਸਿੰਘ ਨਾਮ ਕਹਾਊਂ॥ ਕਵੀ ਦੇ ਇਨ੍ਹਾਂ ਬੋਲਾਂ ਨੂੰ ਪੰਥਕ ਲਿਖਾਰੀਆਂ ਅਤੇ ਪ੍ਰਚਾਰਕਾਂ ਨੇ ਕਲਗੀਧਰ ਜੀ ਦੇ ਪਾਵਨ ਨਾਮ ਨਾਲ ਪੂਰੀ ਤਰ੍ਹਾਂ ਜੋੜਿਆ ਹੋਇਆ ਹੈ। ਇਸ ਲਈ ਇਨ੍ਹਾਂ ਬਚਨਾਂ ਨੂੰ ਗ਼ਲਤ ਅਰਥਾਂ ਵਿਚ ਵਰਤਣ ਨਾਲ ਦਸਮੇਸ਼ ਜੀ ਬਾਰੇ ਗ਼ਲਤ-ਫਹਿਮੀ ਫੈਲਾਉਣ ਦਾ ਦੋਸ਼ ਬਣਦਾ ਹੈ। ਇਹਨਾਂ ਬਚਨਾਂ ਦੇ ਠੀਕ ਅਰਥ ਅਤੇ ਅਸਲ ਭਾਵ ਸਮਝ ਕੇ ਇਨ੍ਹਾਂ ਬਚਨਾਂ ਪ੍ਰਤੀ ਸੱਚੀ ਸ਼ਰਧਾ ਅਤੇ ਸਤਿਕਾਰ ਬਣਾਉਣਾ ਲੋੜੀਏ। ਸੰਤ ਬਾਬਾ ਜਰਨੈਲ ਸਿੰਘ ਜੀ ਆਪਣੇ ਭਾਸ਼ਨਾਂ ਵਿਚ (ਲਗਭਗ 1978 ਦੀ ਵਿਸਾਖੀ ਤੋਂ ਆਰੰਭ ਹੋ ਕੇ 1984 ਦੇ ਨੀਲੇ-ਤਾਰੇ ਜੰਗ ਤਕ) ਬਾਰ-ਬਾਰ ਕਿਹਾ ਕਰਦੇ ਸਨ ਕਿ ਕਲਗੀਧਰ ਜੀ ਨੇ ਸਾਨੂੰ ਇਕੱਲੇ-ਇਕੱਲੇ ਨੂੰ ਸਵਾ-ਸਵਾ ਲੱਖ ਦੇ ਬਰਾਬਰ ਕੀਤਾ ਹੋਇਆ। ਅਗਲੇ 27-27 ਅਥਵਾ 35-35 ਵਾਲੇ ਬੋਲ ਵੀ ਬਿਨਾਂ ਲਿਖਿਉਂ ਉਜਾਗਰ ਹੀ ਹਨ। ਬ੍ਰਾਹਮਣ ਦਾ ਇਹ ਲਿਖਿਆ ਕਿ ਨਵ-ਜਨਮੇ ਹਨੂੰਮਾਨ ਜੀ ਨੇ ਫਲ ਸਮਝ ਕੇ ਸੂਰਜ (ਜੋ ਧਰਤੀ ਨਾਲੋਂ ਲੱਖਾਂ ਗੁਣਾਂ ਵੱਡਾ ਹੈ ਅਤੇ ਲੋਹੇ ਅਥਵਾ ਮਿੱਟੀ ਨੂੰ ਪਲਾਂ ਵਿਚ ਪਾਣੀ ਬਣਾ ਕੇ ਵਗਾ ਦੇਣ ਦੀ ਅਪਾਰ ਤਪਸ਼ ਦਾ ਗ੍ਰਹਿ ਹੈ) ਨੂੰ ਖਾ ਗਏ ਸਨ, ਕੋਰਾ ਝੂਠਾ ਮੰਨਿਆ ਜਾਂਦਾ ਹੈ। ਏਧਰ ਇਹ ਵੀ ਕਦੇ ਸੱਚ ਨਹੀਂ ਮੰਨਿਆ ਜਾ ਸਕਦਾ ਕਿ ਇਕੱਲਾ ਸਿੰਘ ਸਵਾ ਲੱਖ ਮਨੁੱਖਾਂ ਨੂੰ ਤੀਰ, ਤਲਵਾਰ, ਪਿਸਤੌਲ ਅਥਵਾ ਬੰਦੂਕਾਂ ਨਾਲ ਮਾਰ ਸਕਦਾ ਹੈ।

***(ਭਾਗ ਪੰਜਵਾਂ, ਪੰਨਾ 212, 213)***

ਸ. ਕਾਲਾ ਅਫ਼ਗਾਨਾ ਨੇ ਜਿਸ ਗ਼ਲਤ ਭਾਵਨਾ ਨਾਲ ਉਪਰੋਕਤ ਤੁਕ ਨੂੰ ਜੋੜਨ ਦਾ ਯਤਨ ਕੀਤਾ ਹੈ, ਉਸ ਸੰਬੰਧੀ ਕਿਸੇ ਵਿਸਥਾਰ ਦੀ ਲੋੜ ਨਹੀਂ ਜਦਕਿ ਆਮ ਗੁਰਸਿੱਖ ਪਰਿਵਾਰ ਦਾ ਬੱਚਾ ਵੀ ਇਸ ਦੀ ਭਾਵਨਾ ਨੂੰ ਸਮਝਣ ਦੇ ਸਮਰੱਥ ਹੈ। ਇਸ ਭਾਵਨਾ ਨੂੰ ਸ. ਗੁਰਤੇਜ ਸਿੰਘ ਹੁਰਾਂ ਨੇ 'ਸਿੰਘ ਨਾਦ' ਵਿਚ ਆਪਣੇ ਲੇਖ 'ਸਤਿਗੁਰ ਆਗੈ ਸੀਸ ਭੇਟ ਦੇਉ' ਅੰਦਰ ਇਨ੍ਹਾਂ ਸ਼ਬਦਾਂ ਵਿਚ ਪ੍ਰਗਟ ਕਰਨ ਦੀ ਕੋਸ਼ਿਸ਼ ਕੀਤੀ ਹੈ:

"ਗੁਰੂ ਸਾਹਿਬ ਨੇ ਸਿੱਖਾਂ ਕੋਲੋਂ ਸੀਸ ਭੇਟ ਲੈ ਕੇ ਗੁਰੂ ਨਾਨਕ ਸਾਹਿਬ ਦੇ ਅਸੂਲ ਨੂੰ ਅਮਲੀ ਤੌਰ 'ਤੇ ਦ੍ਰਿੜ੍ਹਾਇਆ ਤਾਂ ਕਿ ਆਉਣ ਵਾਲੀਆਂ ਨਸਲਾਂ ਨੂੰ ਪ੍ਰਗਟ ਹੋਵੇ ਕਿ ਗੁਰੂ ਨੂੰ ਸਿਰ ਦੇਣਾ ਲਫਜ਼ੀ ਹੇਰਾ-ਫੇਰੀ ਜਾਂ ਫੋਕਾ ਰਸਮ ਰਿਵਾਜ਼ ਨਹੀਂ, ਬਲਕਿ ਅਮਲੀ ਜੀਵਨ ਹੈ। ਨਿਸ਼ਚਤ ਅਤੇ ਅਟੱਲ ਸਿਧਾਂਤ ਹੈ।

ਹਜ਼ੂਰ ਦਸਵੇ ਪਾਤਸ਼ਾਹ ਨੇ ਇਸ ਸਿਧਾਂਤ ਦੀ ਰੂਪ-ਰੇਖਾ ਨੂੰ ਐਨ ਪ੍ਰਤੱਖ ਉਦੋਂ ਉਘਾੜਿਆ, ਜਦੋਂ ਆਪ ਨੇ ਅੰਮ੍ਰਿਤ ਦੀ ਰਸਮ ਤੋਂ ਪਹਿਲਾਂ ਸੀਸ ਮੰਗੇ। ਅਮਲੀ ਰੂਪ ਉਦੋਂ ਸਾਹਮਣੇ ਆਇਆ, ਜਦੋਂ ਚਮਕੌਰ ਦੀ ਕੱਚੀ ਗੜ੍ਹੀ ਵਿਚ ਚਾਲੀ ਭੁੱਖੇ ਸ਼ੇਰਾਂ ਨੇ ਦੱਸ ਲੱਖ ਦੁੰਬਿਆਂ ਪਾਲੀ ਫ਼ੌਜ ਦਾ ਮੁਕਾਬਲਾ ਕੀਤਾ। ਇਉਂ ਜਾਪਦਾ ਹੈ ਕਿ ਚਮਕੌਰ ਦੀ ਧਰਤੀ 'ਤੇ ਗੁਰੂ ਹੇਤ ਸੀਸ ਭੇਟ ਕਰਨ ਦੇ ਸਿਧਾਂਤ ਨੂੰ ਸੰਪੂਰਨ ਕੀਤਾ ਗਿਆ ਅਤੇ ਜਾਣ ਬੁੱਝ ਕੇ ਐਸੇ ਵੱਡੇ ਪੈਮਾਨੇ 'ਤੇ ਦ੍ਰਿੜ੍ਹਾਇਆ ਗਿਆ ਕਿ ਰਹਿੰਦੀ ਦੁਨੀਆਂ ਤਕ ਸਿੱਖ ਏਸ ਨੂੰ ਭੁੱਲ ਨਾ ਸਕਣ।"

***('ਸਿੰਘ ਨਾਦ' ਵਿਚੋਂ)***

ਹੁਣ ਵੀਰ ਗੁਰਤੇਜ ਸਿੰਘ ਜੀਓ, ਆਪ ਜੀ ਦੇ ਸਤਿਕਾਰਤ 'ਧਰੂ ਤਾਰੇ' ਸ. ਕਾਲਾ ਅਫ਼ਗਾਨਾ ਜੀ ਤਾਂ ਇਹੀ ਕਹਿਣਗੇ ਕਿ ਅੰਮ੍ਰਿਤ ਨੇ ਬੰਦੇ ਤਾਂ ਬਣਾਏ ਨਾ, ਜਾਨਵਰ ਰੂਪੀ 'ਭੁੱਖੇ ਸ਼ੇਰ' ਜ਼ਰੂਰ ਬਣਾ ਦਿੱਤੇ ਅਤੇ ਉਨ੍ਹਾਂ ਦੀ ਮਨਸਾ ਇਹ ਵੀ ਜਾਪਦੀ ਹੈ ਕਿ ਜਿਸ ਭਾਵਨਾ ਨੂੰ ਆਪ ਦ੍ਰਿੜ੍ਹਾਉਣਾ ਚਾਹੁੰਦੇ ਹੋ, ਸ. ਕਾਲਾ ਅਫ਼ਗਾਨਾ ਉਸ ਨੂੰ ਭੁਲਾਉਣਾ ਚਾਹੁੰਦੇ ਹਨ।

ਸ. ਗੁਰਤੇਜ ਸਿੰਘ ਜੀ ਦੀਆਂ ਹੇਠ ਲਿਖੀਆਂ ਸਤਰਾਂ ਜੋ ਕਿ 'ਅੰਧਾ ਸਚਾ ਅੰਧੀ ਸਟ' ਦੀ ਭੂਮਿਕਾ ਵਿਚੋਂ ਅਤਿ-ਮਹੱਤਵਪੂਰਨ ਹਨ:

"ਸਿੱਖਾਂ ਨੂੰ ਸਦਾ ਗਿਲ਼ਾ ਰਿਹਾ ਹੈ ਕਿ ਰਾਜਸੀ ਸ਼ਕਤੀ ਦੇ ਬਲਬੂਤੇ, ਸਿੱਖ ਸਭਿਆਚਾਰ ਅਤੇ ਕਦਰਾਂ ਕੀਮਤਾਂ ਨੂੰ ਭ੍ਰਿਸ਼ਟ ਕਰਨ ਹਿੱਤ, ਕੋਈ ਨਾ ਕੋਈ ਕੁਚੇਸ਼ਟਤਾ ਨਿੱਤ ਨਵੇਂ ਸੂਰਜ ਆਜ਼ਾਦ ਹਿੰਦੁਸਤਾਨ ਵਿਚ ਹੁੰਦੀ ਰਹਿੰਦੀ ਹੈ। ਅਜਿਹੀ ਜ਼ਹਿਰ ਨੂੰ ਸਦਾ 'ਲਿਖਣ ਬੋਲਣ ਦੀ ਆਜ਼ਾਦੀ', 'ਨਿਰਪੱਖ ਖੋਜ', 'ਸਾਹਿਤਕ ਮੁਲਾਂਕਣ' ਆਦਿ ਦੀ ਪੁੜੀਆਂ ਵਿਚ ਬੰਨ੍ਹ-ਸ਼ਿੰਗਾਰ ਕੇ ਪੇਸ਼ ਕੀਤਾ ਜਾਂਦਾ ਹੈ, ਤਾਂ ਕਿ ਕਿਲ੍ਹੇਬੰਦ ਹੋ ਕੇ ਸਿੱਖੀ ਉੱਤੇ ਭਰਪੂਰ ਅਤੇ ਮਾਰੂ ਵਾਰ ਕੀਤੇ ਜਾ ਸਕਣ। ਕੋਸ਼ਿਸ਼ ਇਹ ਕੀਤੀ ਜਾਂਦੀ ਹੈ ਕਿਵੇਂ ਨਾ ਕਿਵੇਂ ਵਾਰ ਕਰਨ ਵੇਲੇ ਖੁਦ ਸਿੱਖ ਹੋਣ ਦਾ ਪੈਂਤੜਾ ਵੀ ਬਚਾਅ ਲਈ ਵਰਤਿਆ ਜਾ ਸਕੇ। ਪਿਛਲੇ ਦੋ ਚਾਰ ਕੁ ਸਾਲਾਂ ਵਿਚ ਜਿੰਨੇ ਸਿੱਖ ਸਭਿਆਚਾਰ ਉੱਤੇ ਹਮਲੇ ਹੋਏ ਹਨ, ਸਾਰਿਆਂ ਦਾ ਮੁੱਖ ਯਤਨ ਸਿੱਖ ਸਿਧਾਂਤਾਂ ਬਾਰੇ ਗ਼ਲਤ ਫਹਿਮੀਆਂ ਪੈਦਾ ਕਰਕੇ ਉਨ੍ਹਾਂ ਦੀ ਸਾਰਥਕਤਾ ਨੂੰ ਖੋਹ ਲੈਣ ਦਾ ਰਿਹਾ ਹੈ।"

ਪਰੰਤੂ ਅੱਜ ਵੀਰ ਗੁਰਤੇਜ ਸਿੰਘ ਆਪ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਤੇ ਪੰਜਾਂ ਸਿੰਘਾਂ ਦੀ ਅਗਵਾਈ 'ਤੇ ਕਿੰਤੂ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਸ. ਕਾਲਾ ਅਫ਼ਗਾਨਾ ਦੇ ਮਸਲੇ 'ਤੇ ਅਦਾਲਤ ਵਿਚ ਖਿੱਚਣ ਦੀਆਂ ਧਮਕੀਆਂ ਦੇ ਰਹੇ ਹਨ। ਜਦਕਿ ਆਪ ਹੀ 'ਸਿੰਘ ਨਾਦ' ਦੇ 'ਪਿਸ਼ੌਰਾ ਸਿੰਘ ਤੇ ਪਿਆਰ ਸਿੰਘ ਦੀ ਗ਼ਲਤੀ' ਲੇਖ ਅੰਦਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਤੇ ਪੰਜ ਸਿੰਘਾਂ ਦੀ ਅਗਵਾਈ ਮੰਨੀ ਗਈ ਹੈ ਅਤੇ ਤਨਖਾਹ ਲਾਉਣ ਤੇ ਪੰਥ 'ਚੋਂ ਛੇਕਣ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਇਸ ਲੇਖ ਅੰਦਰ ਕਿਤੇ ਵੀ ਸਰਬੱਤ ਖ਼ਾਲਸਾ ਜਾਂ ਹੁਕਮਨਾਮਾ ਜਾਰੀ ਨਾ ਕਰ ਸਕਣ ਬਾਰੇ ਕਿੰਤੂ ਨਹੀਂ ਕੀਤਾ ਗਿਆ।

ਪਰੰਤੂ ਅੱਜ ਇਹ ਕਿਹੜੀਆਂ ਮਜ਼ਬੂਰੀਆਂ ਹਨ ਜੋ ਵੀਰ ਗੁਰਤੇਜ ਸਿੰਘ ਨੂੰ ਆਪਣੀਆਂ ਹੀ ਲਿਖਤਾਂ ਨੂੰ ਰੱਦ ਕਰਨ ਲਈ ਮਜ਼ਬੂਰ ਕਰ ਰਹੀਆਂ ਹਨ। ਜਿਨ੍ਹਾਂ ਪੈਂਤੜਿਆਂ ਤੋਂ ਕੌਮ ਦਾ ਬਚਾਅ ਕਰਨਾ ਸੀ, ਅੱਜ ਉਨ੍ਹਾਂ ਹੀ ਪੈਂਤੜਿਆਂ ਦੇ ਹਮਰਾਹੀ ਬਣ ਕੇ ਪ੍ਰੋਫ਼ੈਸਰ ਆਫ਼ ਸਿੱਖਇਜ਼ਮ ਆਉਣ ਵਾਲੀ ਪੀੜ੍ਹੀ ਨੂੰ ਕੀ ਸੁਨੇਹਾ ਦੇਣਾ ਚਾਹੁੰਦੇ ਹਨ?

***-ਤਰਦੀਪ ਸਿੰਘ***